# ਡਾਇਰੈਕਟੋਰੇਟ, ਸਿਹਤ ਸੇਵਾਵਾਂ (ਪ.ਭ.), ਪੰਜਾਬ

**ਪਰਿਵਾਰ ਕਲਿਆਣ ਭਵਨ, ਸੈਕਟਰ 34-ਏ,ਚੰਡੀਗੜ੍ਹ**

**(ਅਮਲਾ-6 ਸ਼ਾਖਾ)**

E Mail ID supdte6@gmail.com

ਤੁਰੰਤ/ ਅਤਿ ਜਰੂਰੀ/ਈ-ਮੇਲ ਰਾਂਹੀ

ਸੇਵਾ ਵਿਖੇ,

ਪੰਜਾਬ ਰਾਜ ਦੇ ਸਮੂਹ ਸਿਵਲ ਸਰਜਨਾਂ ਨੂੰ,

ਮੀਮੋ ਨੰ: ਈ-6(1)ਪੰ:2017/ 841-862

ਮਿਤੀ, ਚੰਡੀਗੜ੍ਹ : 23-02-2017

ਵਿਸ਼ਾ:- ਸਿਹਤ ਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਅਧੀਨ ਸਟਾਫ ਨਰਸਾਂ ਦੀਆਂ 986 ਅਸਾਮੀਆਂ ਨੂੰ ਰੇਗੂਲਰ ਤੌਰ ਤੇ ਭਰਨ ਲਈ ਚਲ ਰਹੀ ਪ੍ਰਕ੍ਰਿਆ ਨੂੰ ਅੰਤਿਮ ਰੂਪ ਦੇਣ ਸਬੰਧੀ।

ਉਪਰੋਕਤ ਵਿਸ਼ੇ ਦੇ ਹਵਾਲੇ ਵਿੱਚ।

ਇਸ ਸਬੰਧ ਵਿੱਚ ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਅਧੀਨ ਸਟਾਫ ਨਰਸਾਂ ਦੀਆਂ 986 ਅਸਾਮੀਆਂ ਨੂੰ ਰੇਗੂਲਰ ਤੌਰ ਤੇ ਭਰਨ ਲਈ ਚਲ ਰਹੀ ਪ੍ਰਕ੍ਰਿਆ ਨੂੰ ਅੰਤਿਮ ਰੂਪ ਦੇਣ ਸਬੰਧੀ ਮਾਮਲਾ ਪੰਜਾਬ ਸਰਕਾਰ ਦੇ ਵਿਚਾਰ ਅਧੀਨ ਹੈ। ਇਹ ਮਾਮਲਾ ਨਿਮਨ ਹਸਤਾਖਰ ਵਲੋ ਅੱਜ ਮਿਤੀ 23-02-17 ਨੂੰ ਵਧੀਕ ਮੁੱਖ ਸਕੱਤਰ, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਜੀ ਨਾਲ ਵਿਚਾਰਿਆ ਗਿਆ। ਵਿਚਾਰ-ਵਟਾਂਦਰੇ ਦੌਰਾਨ ਪ੍ਰਾਪਤ ਹੋਏ ਆਦੇਸ਼ਾਂ ਦੇ ਸਨਮੁੱਖ ਆਪ ਨੂੰ ਹੇਠ ਲਿਖੇ ਅਨੁਸਾਰ ਕਾਰਵਾਈ ਕਰਨ ਦੀ ਹਦਾਇਤ ਕੀਤੀ ਜਾਂਦੀ ਹੈ:-

1) ਇਸ ਸਮੇ ਵਿਭਾਗ ਵਲੋ ਹਾਲ ਦੀ ਘੜੀ ਕੁੱਲ 673 ਯੋਗ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਦੇਣ ਦੀ ਅੰਤਰਿਮ ਤੌਰ ਤੇ ਤਜਵੀਜ ਹੈ। ਇਨ੍ਹਾਂ 673 ਉਮੀਦਵਾਰਾਂ ਦੀ ਵੇਰਵੇ ਸਹਿਤ ਅੰਤਰਿਮ ਸੂਚੀ ਨਾਲ ਨੱਥੀ ਹੈ।
2) ਇਨ੍ਹਾਂ 673 ਯੋਗ ਉਮੀਦਵਾਰਾਂ ਦਾ ਨਿਯੁਕਤੀ ਪੱਤਰ ਦੇਣ ਤੋ ਪਹਿਲਾਂ ਮੈਡੀਕਲ ਕਰਨ ਦੀ ਤਜਵੀਜ਼ ਹੈ, ਇਸ ਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪ ਦੇ ਜਿਲ੍ਹੇ ਨਾਲ ਸਬੰਧਤ ਯੋਗ ਉਮੀਦਵਾਰਾਂ ਦਾ ਮੈਡੀਕਲ ਹਰ ਹਾਲਤ ਵਿੱਚ ਮਿਤੀ 03-03-2017 ਤੋ ਪਹਿਲਾਂ ਕਰਨਾ ਯਕੀਨੀ ਬਣਾਇਆ ਜਾਵੇ।
3) ਇਨ੍ਹਾਂ ਉਮੀਦਵਾਰਾਂ ਦੇ ਮੈਡੀਕਲ ਦੀ ਪ੍ਰਕ੍ਰਿਆ ਨੂੰ ਕਿਸੇ ਵੀ ਹਾਲਤ ਵਿੱਚ ਹਫਤੇ ਵਿੱਚ ਇੱਕ ਦਿਨ ਦੀ ਪ੍ਰਚਲਿਤ ਪ੍ਰਥਾ ਨਾਲ ਨਾ ਜੋੜਦੇ ਹੋਏ ਹਰ ਹਾਲਤ ਵਿੱਚ ਮਿਤੀ 03-03-17 ਤੋ ਪਹਿਲਾਂ ਮੁਕੰਮਲ ਕਰਕੇ ਮੈਡੀਕਲ ਰਿਪੋਰਟ ਅਸਲ ਰੂਪ ਵਿੱਚ ਸਬੰਧਤ ਉਮੀਦਵਾਰ ਨੂੰ ਦੇਣੀ ਯਕੀਨੀ ਬਣਾਈ ਜਾਵੇ, ਤਾਂ ਜੋ ਇਹ ਉਮੀਦਵਾਰ ਮਿਤੀ 06-03-17 ਅਤੇ 07-03-17 ਨੂੰ ਦਫਤਰ ਡੀ.ਐਚ.ਐਸ., ਪੰਜਾਬ ਵਿਖੇ ਨਿਯੁਕਤੀ ਪੱਤਰ ਪ੍ਰਾਪਤ ਕਰਨ ਲਈ ਕਾਊਸਲਿੰਗ ਵਿੱਚ ਹਾਜਰ ਹੋ ਸਕਣ।
4) ਜਿੱਥੋ ਤੱਕ ਨੱਥੀ ਸੂਚੀ ਵਿੱਚ ਦਰਜ਼ ਉਨ੍ਹਾਂ ਯੋਗ ਉਮੀਦਵਾਰਾ ਦਾ ਸਬੰਧ ਹੈ, ਜੋ ਪੰਜਾਬ ਰਾਜ ਦੇ ਵਸਨੀਕ ਨਹੀਂ ਹਨ, ਉਹ ਸਾਰੇ ਆਪਣਾ ਮੈਡੀਕਲ ਮੁਆਇੰਨਾ ਦਫਤਰ ਸਿਵਲ ਸਰਜਨ ਐਸ.ਏ.ਐਸ. ਨਗਰ (ਮੋਹਾਲੀ) ਪਾਸੋਂ ਕਰਵਾਉਣਗੇ।

ਡਾਇਰੈਕਟਰ, ਸਿਹਤ ਸੇਵਾਵਾਂ (ਪ.ਭ), ਪੰਜਾਬ

**ਪਿੰਠ ਅੰਕਣ ਨੰ: ਈ-6(1)-ਪੰ-2017/**

ਮਿਤੀ,ਚੰਡੀਗੜ੍ਹ

ਉਤਾਰਾ ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ (ਸਿਹਤ-4 ਸ਼ਾਖਾ) ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ, ਸਿਹਤ ਸੇਵਾਵਾਂ (ਪ.ਭ.), ਪੰਜਾਬ

**ਪਿੰਠ ਅੰਕਣ ਨੰ: ਈ-6(1)-ਪੰ-2017/**

ਮਿਤੀ,ਚੰਡੀਗੜ੍ਹ

ਉਤਾਰਾ ਰਜਿਸਟਰਾਰ, ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸੀਜ਼, ਫਰੀਦਕੋਟ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਨਾਲ ਨੱਥੀ 673 ਯੋਗ ਉਮੀਦਵਾਰਾਂ ਦੀ ਸੂਚੀ ਅਤੇ ਇਸ ਪੱਤਰ ਦੀ ਕਾਪੀ ਭਰਤੀ ਨਾਲ ਸਬੰਧਤ ਵੈਬਸਾਈਟ ਤੇ ਅਪਲੋਡ ਕਰਦੇ ਹੋਏ ਉਮੀਦਵਾਰਾਂ ਨੂੰ ਮੋਬਾਇਲ ਤੇ ਮੈਸੇਜ ਅਤੇ ਈ-ਮੇਲ ਭੇਜਣ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ ਤਾਂ ਜੋ ਉਮੀਦਵਾਰ ਸਮੇ ਸਿਰ ਮੈਡੀਕਲ ਕਰਵਾਉਣ ਉਪਰੰਤ ਨਿਯੁਕਤੀ ਪੱਤਰ ਪ੍ਰਾਪਤ ਕਰਨ ਲਈ ਕਾਊਸਲਿੰਗ ਵਿੱਚ ਹਾਜਰ ਹੋ ਸਕਣ। ਇਸ ਸਬੰਧੀ ਜੋ ਨੋਟ ਵੈਬਸਾਈਟ ਤੇ ਆਪ ਵਲੋ ਡਿਸਪਲੇਅ ਕੀਤਾ ਜਾਵੇਗਾ, ਉਸ ਵਿੱਚ ਇਹ ਵੀ ਦਰਜ਼ ਕਰ ਦਿੱਤਾ ਜਾਵੇ ਕਿ ਕਾਊਸਲਿੰਗ ਦਾ ਸ਼ਡਿਊਲ ਨਿਮਨ ਹਸਤਾਖਰ ਦੇ ਦਫਤਰ ਵਲੋ ਪ੍ਰਚਲਿਤ ਅਖਬਾਰਾਂ ਅਤੇ ਸਿਹਤ ਵਿਭਾਗ, ਪੰਜਾਬ ਦੀ ਵਿਭਾਗੀ ਵੈਬਸਾਈਟ ਤੇ ਜਨਤਕ ਸੂਚਨਾਂ ਦੇ ਰੂਪ ਵਿੱਚ ਵੱਖਰੇ ਤੌਰ ਤੇ ਵੀ ਪ੍ਰਕਾਸ਼ਿਤ ਕਰ ਦਿੱਤਾ ਜਾਵੇਗਾ।

ਡਾਇਰੈਕਟਰ, ਸਿਹਤ ਸੇਵਾਵਾਂ (ਪ.ਭ.), ਪੰਜਾਬ